U.S. ਨਿਆਂ ਵਿਭਾਗ ਕਮਿਉਨਿਟੀ ਰਿਲੇਸ਼ਨਸ ਸਰਵਿਸ

## ਨਫ਼ਰਤੀ ਅਪਰਾਧਾਂ ਅਤੇ ਪੱਖਪਾਤ ਦੀਆਂ ਘਟਨਾਵਾਂ ਦੀ ਰੋਕਥਾਮ ਕਰਨ ਲਈ ਅਤੇ ਇਹਨਾਂ ਦਾ ਜਵਾਬ ਦੇਣ ਲਈ

# ਯੂਨੀਵਰਸਿਟੀ ਅਤੇ ਕਾਲਜ ਭਾਈਚਾਰਿਆਂ ਦੇ ਨਾਲ ਕੰਮ ਕਰਨਾ

ਅਮਰੀਕਾ ਦੇ ਪੀਸਮੇਕਰ ਵਜੋਂ, U.S. ਨਿਆਂ ਵਿਭਾਗ (DOJ) ਕਮਿਉਨਿਟੀ ਰਿਲੇਸ਼ਨਸ ਸਰਵਿਸ (CRS) ਟਕਰਾਅ ਅਧੀਨ ਭਾਈਚਾਰਿਆਂ ਨੂੰ ਸੁਵਿਧਾ, ਵਿਚੋਲਗੀ, ਸਿਖਲਾਈ ਅਤੇ ਸੁਲ੍ਹਾ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਭਵਿੱਖ ਦੇ ਝਗੜਿਆਂ ਨੂੰ ਸੁਤੰਤਰ ਰੂਪ ਵਿੱਚ ਰੋਕਣ ਅਤੇ ਹੱਲ ਕਰਨ ਲਈ ਉਹਨਾਂ ਦੀ ਸਮਰੱਥਾ ਵਿੱਚ ਵਾਧਾ ਕਰਦੀ ਹੈ।

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ X ਅਤੇ ਮੈਥਿਊ ਸ਼ਹਿਪਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤੀ ਅਪਰਾਧ ਰੋਕਥਾਮ ਐਕਟ ਅਧੀਨ CRS ਜਨਤਕ ਅਤੇ ਨਿੱਜੀ ਸੈਕੰਡਰੀ ਸਕੂਲਾਂ, ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਅਸਲ ਜਾਂ ਕਥਿਤ ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੀਆਂ ਭਿੰਨਤਾਵਾਂ ਦੇ ਆਧਾਰ 'ਤੇ ਅਸਲ ਜਾਂ ਕਥਿਤ ਤਣਾਅ ਜਾਂ ਟਕਰਾਵਾਂ ਦਾ ਸਾਹਮਣਾ ਕਰ ਰਹੇ ਹਨ। CRS ਇੱਕ ਨਿਰਪੱਖ-ਤੀਜੀ ਧਿਰ ਵਜੋਂ ਕੰਮ ਕਰਦਾ ਹੈ, ਅਤੇ ਇਸਦੀਆਂ ਸੇਵਾਵਾਂ ਗੁਪਤ, ਸਵੈ-ਇੱਛਤ ਹੁੰਦੀਆਂ ਹਨ ਅਤੇ ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

> ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (FBI) ਦੇ ਅਨੁਸਾਰ, ਫੈਡਰਲ ਨਫ਼ਰਤ ਅਪਰਾਧ "ਕਿਸੇ ਵਿਅਕਤੀ ਜਾਂ ਸੰਪੱਤੀ ਦੇ ਵਿਰੁੱਧ ਪ੍ਰੇਰਿਤ ਅਪਰਾਧ ਹੈ ਜੋ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਅਪਰਾਧੀ ਦੇ ਨਸਲ, ਧਰਮ, ਅਪਾਹਜਤਾ, ਜਿਨਸੀ ਰੁਝਾਨ, ਨਸਲ, ਲਿੰਗ, ਜਾਂ ਲਿੰਗਕ ਪਛਾਣ ਦੇ ਵਿਰੁੱਧ ਪੱਖਪਾਤ ਤੋਂ ਉਪਜਦਾ ਹੈ।"


ਗੈਟੀ ਇਮੇਜਸ/ਏਰੀਅਲ ਸਕੇਲੀ

### CRS ਪ੍ਰੋਗਰਾਮ ਅਤੇ ਸੇਵਾਵਾਂ ਵਿੱਚ ਸ਼ਾਮਲ ਹਨ

**ਸੁਵਿਧਾਜਨਕ ਗੱਲਬਾਤ**
CRS ਯੂਨੀਵਰਸਿਟੀ ਦੇ ਅਧਿਕਾਰੀਆਂ, ਕੈਂਪਸ ਕਾਨੂੰਨ ਲਾਗੂ ਕਰਨ ਵਾਲਿਆਂ, ਵਿਦਿਆਰਥੀ ਆਗੂਆਂ, ਅਤੇ ਹੋਰ ਪ੍ਰਮੁੱਖ ਭਾਗੀਦਾਰਾਂ ਵਿਚਕਾਰ ਮੀਟਿੰਗਾਂ ਕਰਵਾਉਣ ਵਿੱਚ ਮਦਦ ਕਰਦਾ ਹੈ ਤਾਂ ਜੋ ਸੰਚਾਰ ਦੀਆਂ ਲਾਈਨਾਂ ਖੋਲ੍ਹੀਆਂ ਜਾ ਸਕਣ ਅਤੇ ਪੱਖਪਾਤ ਤੋਂ ਪ੍ਰੇਰਿਤ ਕਥਿਤ ਨਫ਼ਰਤੀ ਅਪਰਾਧਾਂ ਦੇ ਮਾਮਲਿਆਂ ਵਿੱਚ ਸਮੱਸਿਆ ਹੱਲ ਕਰਨ ਨੂੰ ਉਤਸ਼ਾਹਤ ਕੀਤਾ ਜਾ ਸਕੇ। ਅਕਸਰ ਵਿਚਾਰੇ ਜਾਂਦੇ ਵਿਸ਼ਿਆਂ ਵਿੱਚ ਸ਼ਾਮਲ ਹਨ ਪੱਖਪਾਤੀ ਘਟਨਾਵਾਂ ਅਤੇ ਨਫ਼ਰਤੀ ਅਪਰਾਧਾਂ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਕੈਂਪਸ ਕਾਨੂੰਨ ਲਾਗੂ ਕਰਨ ਦੇ ਤਰੀਕੇ, ਨਫ਼ਰਤੀ ਅਪਰਾਧਾਂ ਦੀ ਰੋਕਥਾਮ ਦਾ ਸਮਰਥਨ ਕਰਨ ਲਈ ਕਾਰਵਾਈਆਂ, ਵਿਰੋਧ ਪ੍ਰਦਰਸ਼ਨਾਂ ਅਤੇ ਪ੍ਰਦਰਸ਼ਨਾਂ ਨਾਲ ਸਬੰਧਿਤ ਕੈਂਪਸ ਨੀਤੀਆਂ ਨੂੰ ਸਪੱਸ਼ਟ ਕਰਨਾ, ਅਤੇ ਨਾਲ ਹੀ ਨਾਲ ਕੈਂਪਸ ਭਾਈਚਾਰੇ ਲਈ ਮਹੱਤਵਪੂਰਨ ਹੋਰ ਮੁੱਦੇ।

**ਪੱਖਪਾਤ ਦੀਆਂ ਘਟਨਾਵਾਂ ਅਤੇ ਨਫ਼ਰਤੀ ਅਪਰਾਧ ਫੋਰਮ**
ਇਹ ਅੱਧੇ-ਦਿਨ ਦਾ ਫੋਰਮ ਯੂਨੀਵਰਸਿਟੀ ਅਤੇ ਕਾਲਜ ਭਾਈਚਾਰੇ ਦੇ ਮੈਂਬਰਾਂ ਅਤੇ ਕੈਂਪਸ ਦੇ ਕਾਨੂੰਨ ਲਾਗੂ ਕਰਵਾਉਣ ਵਾਲੇ ਮੈਂਬਰਾਂ ਨੂੰ ਮੈਥਿਊ ਸ਼ੈਫਰਡ ਅਤੇ ਜੇਮਜ਼ ਬਰਡ, ਜੂਨੀਅਰ ਨਫ਼ਰਤੀ ਅਪਰਾਧ ਰੋਕਥਾਮ ਐਕਟ ਨਾਲ ਸਬੰਧਿਤ ਜਾਣਕਾਰੀ ਪ੍ਰਦਾਨ ਕਰਾਉਂਦਾ ਹੈ। ਇਹ ਪ੍ਰੋਗਰਾਮ ਸੰਘੀ ਕਾਨੂੰਨ ਲਾਗੂ ਕਰਵਾਉਣ ਵਾਲੇ, ਜ਼ਿਲ੍ਹਾ ਅਟਾਰਨੀਆਂ, ਯੂਨੀਵਰਸਿਟੀ ਅਤੇ ਕਾਲਜ ਦੇ ਅਧਿਕਾਰੀਆਂ, ਵਿਦਿਆਰਥੀ ਲੀਡਰਾਂ, ਕੈਂਪਸ ਅਤੇ ਸਥਾਨਕ ਕਾਨੂੰਨ ਲਾਗੂ ਕਰਵਾਉਣ ਵਾਲੇ, ਮੱਤ ਦੇ ਆਗੂਆਂ, ਅਤੇ ਭਾਈਚਾਰਕ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਨੂੰ ਕੈਂਪਸ ਵਿੱਚ ਨਫ਼ਰਤੀ ਅਪਰਾਧਾਂ ਨਾਲ ਨਿਪਟਣ ਅਤੇ ਇਹਨਾਂ ਦਾ ਜਵਾਬ ਦੇਣ ਦੇ ਤਰੀਕਿਆਂ ਬਾਰੇ ਵਿਚਾਰ-ਵਟਾਂਦਰਿਆਂ ਅਤੇ ਜਾਣਕਾਰੀ ਸਾਂਝੀ ਕਰਨ ਵਿੱਚ ਸ਼ਾਮਲ ਕਰਦਾ ਹੈ।

**ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਲਈ ਫੋਰਮ** ਇਹ ਅੱਧੇ-ਦਿਨ ਦਾ ਫੋਰਮ ਉਹਨਾਂ ਮਾਹਰਾਂ ਨੂੰ ਬੁਲਾਉਂਦਾ ਹੈ ਜੋ ਯੂਨੀਵਰਸਿਟੀ ਅਤੇ ਕਾਲਜ ਕੈਂਪਸਾਂ ਵਿੱਚ ਧਾਰਮਿਕ ਆਗੂਆਂ ਅਤੇ ਇਕੱਠੇ ਹੋਏ ਵਿਅਕਤੀਆਂ ਨੂੰ ਧਾਰਮਿਕ ਪੱਖਪਾਤ ਤੋਂ ਪ੍ਰੇਰਿਤ ਨਫ਼ਰਤੀ ਅਪਰਾਧਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ; ਸਥਾਨਕ, ਰਾਜ ਅਤੇ ਸੰਘੀ ਕਾਨੂੰਨ ਲਾਗੂ ਕਰਨ ਵਾਲਿਆਂ

ਦੇ ਖਤਰੇ ਦੇ ਮੁਲਾਂਕਣ; ਅਤੇ ਕੈਂਪਸ ਵਿੱਚ ਧਾਰਮਿਕ ਸਥਾਨਾਂ ਅਤੇ ਧਾਰਮਿਕ ਕੇਂਦਰਾਂ ਨੂੰ ਸੰਭਾਵੀ ਨਫ਼ਰਤੀ ਅਪਰਾਧਾਂ ਅਤੇ ਹਿੰਸਾ ਦੀਆਂ ਹੋਰ ਧਮਕੀਆਂ ਤੋਂ ਬਚਾਉਣ ਲਈ ਕਦਮ ਉਠਾਉਂਦੇ ਹਨ। ਪ੍ਰੋਗਰਾਮ ਇੱਕ ਸੁਰੱਖਿਆ ਪ੍ਰੋਗਰਾਮ ਲਾਗੂ ਕਰਨ ਨੂੰ ਉਤਸ਼ਾਹਤ ਕਰਦਾ ਹੈ, ਸੁਰੱਖਿਆ ਲਈ ਸਭ ਤੋਂ ਬਿਹਤਰ ਤੌਰ-ਤਰੀਕਿਆਂ ਦੀ ਪੇਸ਼ਕਸ਼ ਕਰਦਾ ਹੈ, ਨੈੱਟਵਰਕਿੰਗ ਅਤੇ ਭਾਈਚਾਰੇ ਤੱਕ ਪਹੁੰਚ ਨੂੰ ਉਤਸ਼ਾਹਤ ਕਰਦਾ ਹੈ, ਅਤੇ ਸਰੋਤ ਪ੍ਰਦਾਨ ਕਰਦਾ ਹੈ, ਜਿਵੇਂ ਕਿ ਸੁਰੱਖਿਆ ਯੋਜਨਾਵਾਂ ਅਤੇ ਕੈਂਪਸ ਦੇ ਸਰੋਤਾਂ ਦੀਆਂ ਉਦਾਹਰਨਾਂ।

**ਕੈਂਪਸ ਸਮੱਸਿਆ ਦੀ ਪਛਾਣ ਅਤੇ ਇਕੱਠਿਆਂ ਮੁੱਦਿਆਂ ਦਾ ਨਿਪਟਾਰਾ (ਕੈਂਪਸ-SPIRIT)** ਇਹ ਅੱਠ-ਘੰਟੇ ਦਾ ਪ੍ਰੋਗਰਾਮ ਅਲੱਗ-ਅਲੱਗ ਵਿਦਿਆਰਥੀ ਲੀਡਰਾਂ, ਕੈਂਪਸ ਪ੍ਰਸ਼ਾਸ਼ਕਾਂ, ਫੈਕਲਟੀ ਮੈਂਬਰਾਂ, ਸਟਾਫ਼, ਕੈਂਪਸ ਕਾਨੂੰਨ ਲਾਗੂ ਕਰਵਾਉਣ ਵਾਲੇ, ਅਤੇ ਬਾਹਰੀ ਭਾਈਚਾਰੇ ਦੇ ਲੀਡਰਾਂ ਨੂੰ ਇਕੱਠਿਆਂ ਲਿਆਉਂਦਾ ਹੈ ਤਾਂ ਜੋ ਕੈਂਪਸ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਅਹਿਮ ਮੁੱਦਿਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਇਹਨਾਂ ਨੂੰ ਹੱਲ ਕੀਤਾ ਜਾ ਸਕੇ। ਇਸ ਪ੍ਰੋਗਰਾਮ ਨੂੰ CRS ਅਤੇ ਸਥਾਨਕ ਵਲੰਟੀਅਰ ਫੈਸਿਲੀਟੇਟਰਾਂ ਦੁਆਰਾ ਕਰਵਾਇਆ ਜਾਂਦਾ ਹੈ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਠੋਸ ਹੱਲ ਵਿਕਸਤ ਕਰਨ ਅਤੇ ਲਾਗੂ ਕਰਨ ਵਿੱਚ ਮਦਦ ਕਰਦਾ ਹੈ, ਜਿਵੇਂ ਕਿ ਨਫ਼ਰਤੀ ਅਪਰਾਧਾਂ ਦੀ ਰੋਕਥਾਮ ਅਤੇ ਜਵਾਬ ਕਾਰਜ ਯੋਜਨਾਵਾਂ ਅਤੇ ਕਾਰਜ ਗਰੁੱਪਾਂ ਦਾ ਵਿਕਾਸ।

**ਭਾਈਚਾਰਾ ਜਾਗਰੂਕਤਾ ਟ੍ਰੇਨਿੰਗ** CRS ਭਾਈਚਾਰਕ ਤੌਰ-ਤਰੀਕਿਆਂ ਅਤੇ ਬਾਹਰੀ ਪਹੁੰਚ ਅਤੇ ਸ਼ਮੂਲੀਅਤ ਰਣਨੀਤੀਆਂ ਬਾਰੇ ਕੈਂਪਸ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸਿਖਲਾਈਆਂ ਪ੍ਰਦਾਨ ਕਰਾਉਂਦੀ ਹੈ ਤਾਂ ਜੋ ਕੈਂਪਸ ਕਾਨੂੰਨ ਲਾਗੂ ਕਰਵਾਉਣ ਵਾਲੇ ਜਾਂ ਉਹਨਾਂ ਵੱਲੋਂ ਸੇਵਾਵਾਂ ਦਿੱਤੇ ਜਾਂਦੇ ਯੂਨੀਵਰਸਿਟੀ ਅਤੇ ਕਾਲਜ ਭਾਈਚਾਰੇ ਵਿਚਕਾਰ ਰਿਸ਼ਤਿਆਂ ਨੂੰ ਮਜ਼ਬੂਤ ਕੀਤਾ ਜਾ ਸਕੇ। ਇਹਨਾਂ ਸਿਖਲਾਈਆਂ ਵਿੱਚ ਸ਼ਾਮਲ ਹੈ ਸਿੱਖ ਅਮਰੀਕਨਾਂ ਨਾਲ ਵਾਰਤਾਲਾਪ ਅਤੇ ਭਾਈਵਾਲੀਆਂ ਦਾ ਨਿਰਮਾਣ ਕਰਨਾ, ਮੁਸਲਿਮ ਅਮਰੀਕਨਾਂ ਨਾਲ ਭਾਈਵਾਲੀਆਂ ਦਾ ਨਿਰਮਾਣ ਕਰਨਾ ਅਤੇ ਵਾਰਤਾਲਾਪ, ਅਤੇ ਟਰਾਂਸਜੈਂਡਰ ਭਾਈਚਾਰਿਆਂ ਨਾਲ ਵਾਰਤਾਲਾਪ ਲਾਉਣਾ ਅਤੇ ਰਿਸ਼ਤੇ ਬਣਾਉਣਾ।

**ਵਿਚੋਲਗੀ** CRS ਯੂਨੀਵਰਸਿਟੀ ਅਤੇ ਕਾਲਜ ਭਾਈਚਾਰਿਆਂ ਨੂੰ ਭਾਗੀਦਾਰਾਂ ਵਿਚਕਾਰ ਆਹਮੋ-ਸਾਹਮਣੇ ਦੀ ਗੱਲਬਾਤ ਰਾਹੀਂ ਭਾਈਚਾਰਿਆਂ ਨੂੰ ਝਗੜਿਆਂ ਅਤੇ ਤਣਾਅ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਵਿਚੋਲਗੀ ਸੇਵਾਵਾਂ ਪ੍ਰਦਾਨ ਕਰਾਉਂਦੀ ਹੈ। ਵਿਚੋਲਗੀ ਦਾ ਟੀਚਾ ਹੈ ਭਾਈਚਾਰੇ ਦੇ ਮੈਂਬਰਾਂ ਵਿਚਕਾਰ ਲਿਖਤੀ ਸਮਝੌਤਿਆਂ ਦਾ ਵਿਕਾਸ ਕਰਨਾ ਜੋ ਵਿਸ਼ਵਾਸ ਵਿੱਚ ਵਾਧਾ ਕਰਦੇ ਹਨ, ਭਾਈਚਾਰਕ ਰਿਸ਼ਤਿਆਂ ਵਿੱਚ ਸੁਧਾਰ ਕਰਦੇ ਹਨ, ਅਤੇ ਕੈਂਪਸ ਸਮਰੱਥਾ ਦਾ ਨਿਰਮਾਣ ਕਰਦੇ ਹਨ।

**ਸਲਾਹ-ਮਸ਼ਵਰਾ** CRS ਟਕਰਾਅ ਦੇ ਹੱਲ ਲਈ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਮਦਦ ਕਰਨ ਲਈ ਸਲਾਹ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ। ਇਹਨਾਂ ਸੇਵਾਵਾਂ ਵਿੱਚ ਸ਼ਾਮਲ ਹਨ ਬਰਾਬਰੀ ਅਤੇ ਵਿਭਿੰਨਤਾ ਸੰਮਤੀਆਂ ਜਾਂ ਕੈਂਪਸ ਦੇ ਜਲਵਾਯੂ ਕਾਰਜ ਗਰੁੱਪਾਂ ਦੇ ਗਠਨ ਵਿੱਚ ਤਕਨੀਕੀ ਸਹਾਇਤਾ; ਅਲੱਗ-ਅਲੱਗ ਕੈਂਪਸ ਭਾਈਚਾਰਿਆਂ ਨਾਲ ਗੱਲਬਾਤ ਲਈ ਸਭ ਤੋਂ ਬਿਹਤਰ ਤੌਰ ਤਰੀਕੇ; ਅਤੇ ਸੰਚਾਰ, ਵਿਵਾਦ ਦੇ ਨਿਪਟਾਰੇ, ਅਤੇ ਸੰਯੁਕਤ ਸਮੱਸਿਆ-ਹੱਲ ਦੇ ਮੁੱਦਿਆਂ 'ਤੇ ਸਲਾਹ-ਮਸ਼ਵਰਾ।

## ਅਸੀਂ ਕਿੱਥੇ ਕੰਮ ਕਰਦੇ ਹਾਂ

- ਨਿਊ ਇੰਗਲੈਂਡ ਖੇਤਰ
- ਉੱਤਰ-ਪੂਰਬੀਖੇਤਰ
- ਮਿਡ-ਅਟਲਾਂਟਿਕ ਖੇਤਰ
- ਦੱਖਣ-ਪੂਰਬੀ ਖੇਤਰ
- ਮੱਧ-ਪੱਛਮੀ ਖੇਤਰ
- ਦੱਖਣ-ਪੱਛਮੀ ਖੇਤਰ
- ਸੈਂਟਰਲ ਖੇਤਰ
- ਰਾਕੀ ਮਾਊਨਟੇਨ ਖੇਤਰ
- ਪੱਛਮੀ ਖੇਤਰ
- ਉੱਤਰ-ਪੱਛਮੀ ਖੇਤਰ
- ਫੀਲਡ ਦਫ਼ਤਰ
- ਖੇਤਰੀ ਦਫ਼ਤਰ
- CRS ਹੈੱਡਕੁਆਰਟਰ ਦਫ਼ਤਰ




## ਸਾਨੂੰ ਲੱਭੋ, ਸਾਡੇ ਨਾਲ ਜੁੜੋ


**www.justice.gov/crs** **www.justice.gov/hatecrimes**

facebook.com/DOJCRS/ @DOJ_CRS askcrs@usdoj.gov 202.305.2935


ਇਸ ਪ੍ਰੋਗਰਾਮ ਜਾਂ ਹੋਰ CRS ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ CRS ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices